<u>27 ਫਰਵਰੀ: ਆਜ਼ਾਦ ਦੇ ਸ਼ਹੀਦੀ ਦਿਵਸ 'ਤੇ</u>

# ਆਜ਼ਾਦ ਦੇ ਜੀਵਨ ਦਾ ਅੰਤਲਾ ਪੜਾਅ

ਮਲਵਿੰਦਰ ਜੀਤ ਸਿੰਘ ਵੜੈਚ*

27 ਫਰਵਰੀ 1931 ਨੂੰ ਆਪਣੀ ਸ਼ਹੀਦੀ ਤੋਂ ਕੋਈ 15 ਦਿਨ ਪਹਿਲਾਂ ਆਜ਼ਾਦ ਪੰ. ਜਵਾਹਰ ਲਾਲ ਨਹਿਰੂ ਨੂੰ ਇਲਾਹਾਬਾਦ ਵਿਖੇ ਉਨ੍ਹਾਂ ਦੇ ਘਰ ਜਾਕੇ ਮਿਲੇ ਸਨ।

ਪੰ. ਜਵਾਹਰ ਲਾਲ ਨਹਿਰੂ ਅਨੁਸਾਰ, "ਮੈਨੂੰ ਇੱਕ ਵਚਿੱਤਰ ਘਟਨਾ ਚੇਤੇ ਹੈ, ਜਿਸ ਦੁਆਰਾ ਮੈਨੂੰ ਹਿੰਸਾਵਾਦੀ ਪਾਰਟੀ ਦੀ ਸੋਚ-ਬਿਰਤੀ ਦਾ ਅਨੁਭਵ ਹੋਇਆ। ਇੱਕ ਓਪਰਾ ਨੌਜਵਾਨ ਸਾਡੇ ਘਰ ਆਇਆ, ਤੇ ਮੈਨੂੰ ਦੱਸਿਆ ਗਿਆ ਕਿ ਉਹ ਚੰਦਰ ਸ਼ੇਖਰ ਆਜ਼ਾਦ ਸੀ। ਮੈਂ ਉਸ ਨੂੰ ਕਦੇ ਵੇਖਿਆ ਤਾਂ ਨਹੀਂ ਸੀ, ਪਰ ਮੈਨੂੰ ਕੋਈ ਦੱਸ ਸਾਲ ਪੁਰਾਣੀ, ਉਸ ਦੀ 15 ਸਾਲ ਦੀ ਉਮਰੇ ਸਤਿਆਗ੍ਰਹਿ ਕਾਰਨ ਜੇਲ੍ਹ ਅੰਦਰ ਕੋੜਿਆਂ ਦੀ ਮਾਰ ਝੱਲਣ ਦੀ ਕਹਾਣੀ ਯਾਦ ਸੀ। ਪਿਛੋਂ ਉਹ ਕ੍ਰਾਂਤੀਕਾਰੀ ਬਣ ਗਿਆ ਸੀ, ਤੇ ਉਤਰੀ ਭਾਰਤ ਦੇ ਸਿਰ ਕੱਢ ਆਗੂਆਂ ਵਿੱਚੋਂ ਸੀ। ਪਰ ਮੈਂ ਕਦੇ ਏਧਰ ਖ਼ਾਸ ਧਿਆਨ ਨਹੀਂ ਸੀ ਦਿੱਤਾ। ਮੈਂ ਉਸ ਦੇ ਆਉਣ ਤੇ ਹੈਰਾਨ ਜਿਹਾ ਹੋਇਆ ਸਾਂ।



**ਪੁਲਿਸ ਝੜਪ ਦੇ ਤੁਰੰਤ ਬਾਅਦ ਮੌਕੇ ਤੇ ਲਿਤਾ ਗਿਆ 'ਆਜ਼ਾਦ' ਦਾ ਫ਼ੋਟੋ**

"ਉਹ ਮੇਰੇ ਕੋਲ ਇਹ ਪੁਛਣ ਲਈ ਆਇਆ ਸੀ ਕਿ ਛੇਤੀ ਹੀ ਜੋ ਕਾਂਗਰੇਸ ਤੇ ਸਰਕਾਰ ਵਿਚਾਲੇ ਸਮਝੌਤਾ ਵਾਰਤਾ ਹੋਣ ਜਾ ਰਹੀ ਸੀ, ਉਹਦੇ ਸਿੱਟੇ ਵਜੋਂ ਕੀ ਸਾਡੇ ਤੇ ਵੀ ਕੋਈ ਨਰਮੀ ਵਰਤੇ ਜਾਣ ਦੀ ਸੰਭਾਵਨਾ ਹੈ? ਜਾਂ ਕਿ ਚੋਰਾਂ-ਡਾਕੂਆਂ ਵਾਂਗ ਪੁਲਿਸ ਸਾਡਾ ਪਿੱਛਾ ਕਰਦਿਆਂ, ਸਫ਼ਾਇਆ ਹੀ ਕਰਦੀ ਰਹੇਗੀ? ਕੀ ਸਾਨੂੰ ਆਪਣੇ ਉੱਦੇਸ਼ ਦੀ ਪ੍ਰਾਪਤੀ ਲਈ ਸ਼ਾਂਤੀ-ਪੂਰਵਕ ਕੰਮ ਕਰਨ ਦਾ ਮੌਕਾ ਦਿੱਤਾ ਜਾਵੇਗਾ?

"ਉਸ ਨੇ ਮੈਨੂੰ ਆਪਣੇ ਵਲੋਂ ਤੇ ਆਪਣੇ ਬਹੁਤੇ ਸਾਥੀਆਂ ਵਲੋਂ ਯਕੀਨ ਦੁਆਇਆ ਕਿ ਉਹਨਾਂ ਦੀ ਅੱਜ ਦੇ ਦਿਨ ਇਹ ਧਾਰਨਾ ਹੈ ਕਿ ਨਿਰੋਲ ਹਿੰਸਕ ਕਾਰਵਾਈਆਂ ਦਾ ਕੋਈ ਭੱਵਿਖ ਨਹੀਂ ਦਿਸ ਰਿਹਾ। ਹਾਲਾਂਕਿ ਉਹ ਇਹ ਮੰਨਣ ਨੂੰ ਤਿਆਰ ਨਹੀਂ ਸੀ ਕਿ ਨਿਰੇ-ਪੂਰੇ ਅਹਿੰਸਕ ਢੰਗ ਨਾਲ ਆਜ਼ਾਦੀ ਮਿਲ ਜਾਏਗੀ। ਉਸਨੇ ਮੰਨਿਆ ਕਿ ਤਾਂ ਜਿਵੇਂ ਉਹ ਹੁਣ ਹਿੰਸਕ ਨੀਤੀ ਤੋਂ ਕਿਨਾਰਾ ਕਰਨ ਲਈ ਰਾਜ਼ੀ ਹਨ, ਪਰ ਜੇ ਉਨ੍ਹਾਂ ਲਈ ਹੋਰ ਕੋਈ ਵਿਕਲਪ ਨਾ ਰਿਹਾ ਤਾਂ ਉਹ ਫਿਰ ਆਪਣੀ ਸੁਰਖਿਆ ਲਈ ਪਹਿਲਾ ਵਾਂਗ ਹੀ ਸਰਗਰਮੀਆਂ ਜਾਰੀ ਰੱਖਣ ਲਈ ਮਜ਼ਬੂਰ ਹੋਣਗੇ।

---

* Email: mjswaraich29@gmail.com; Ph: 0172-2556314, 6576116

“ਪੰਦਰਾ-ਵੀਹ ਦਿਨ ਮਗਰੋਂ, ਜਦੋਂ ਗਾਂਧੀ-ਇਰਵਨ ਵਾਰਤਾ ਚਲ ਰਹੀ ਸੀ, ਤਾਂ ਮੈਂ ਦਿੱਲੀ ’ਚ ਸੁਣਿਆ ਕਿ ਚੰਦਰ ਸ਼ੇਖਰ ਆਜ਼ਾਦ ਇਲਾਹਾਬਾਦ ਵਿੱਚ ਪੁਲਿਸ ਹੱਥੋਂ ਮਾਰ ਦਿੱਤਾ ਗਿਆ ਹੈ। ਉਸ ਨੂੰ ਪੁਲਿਸ ਨੇ ਚਿੱਟੇ-ਦਿਨ ਪਾਰਕ ਵਿੱਚ ਬੈਠੇ ਨੂੰ ਪਹਿਚਾਣ ਲਿਆ ਸੀ, ਤੇ ਵੱਡੀ ਗਿਣਤੀ ਵਿੱਚ ਪੁਲਿਸ ਨੇ ਉਸਨੂੰ ਘੇਰ ਲਿਆ, ਜਿਸ ਤੇ ਉਸ ਨੇ ਇੱਕ ਦਰਖ਼ਤ ਦੀ ਓਟ ਲੈਂਦਿਆਂ ਪੁਲਿਸ ’ਤੇ ਗੋਲੀਆਂ ਚਲਾਈਆਂ। ਇਸ ਦੁਤਰਫ਼ੀ ਗੋਲੀ ਬਾਰੀ ’ਚ ਇੱਕ ਦੋ ਪੁਲਿਸ ਵਾਲੇ ਵੀ ਘਾਇਲ ਹੋਏ।” — (ਆਤਮਕਥਾ: ਪੰਡਤ ਜਵਾਹਰ ਲਾਲ ਨਹਿਰੂ)

ਆਜ਼ਾਦ ਦੇ ਇਕੋ-ਇੱਕ ਬਚੇ ਹੋਏ ਨੇੜਲੇ ਸਾਥੀ ਵੈਸਮਪਾਇਨ ਦੀ 12 ਫਰਵਰੀ ਨੂੰ ਹੋਈ ਗ੍ਰਿਫਤਾਰੀ ਆਜ਼ਾਦ ਲਈ ਤਾਂ ਵੱਡੀਓਂ-ਵੱਡੀ ਸੱਟ ਸੀ। ਹੁਣ ਲੈ-ਦੇ ਦੇ ਉਹਦੀ ਟੇਕ ਸੁਖਦੇਵ ਰਾਜ ਤੇ ਸੀ ਹਾਲਾਂਕਿ ਉਸ ਨੂੰ ਵੀ ਆਜ਼ਾਦ ਦੇ ਅਲਾਹਾਬਾਦ ਟਿਕਾਣੇ ਦਾ ਭੇਤ ਨਹੀਂ ਸੀ। ਇਨ੍ਹਾਂ ਹਾਲਾਤਾਂ ਵਿੱਚ 27 ਫਰਵਰੀ ਸਵੇਰੇ ਦਸ ਕੁ ਵਜੇ ਉਸ ਨੇ ਸੁਖਦੇਵ ਰਾਜ (ਵਾਸੀ ਦੀਨਾਨਗਰ — ਗੁਰਦਾਸਪੁਰ) ਨੂੰ ਅਲਫਰਡ ਪਾਰਕ ਵਿੱਚ ਮਿਲਣ ਲਈ ਕਿਹਾ ਹੋਇਆ ਸੀ। ਦਸਣਯੋਗ ਹੈ ਕਿ ਉਨ੍ਹੀਂ ਦਿਨੀਂ ‘ਚਾਂਦ’ ਰਸਾਲੇ ਦੇ ਦੇਸ਼ ਭਗਤ ਸੰਪਾਦਕ, ਰਾਮਰੱਖ ਸਿੰਘ ਸਹਿਗਲ ਨੇ ਉਸ ਦਾ ਲਿਹਾਜ਼ ਕਰਦਿਆਂ ਆਪਣੇ ਅਦਾਰੇ ਲਈ ਚੰਗੀ ਤਨਖਾਹ ਤੇ ‘ਪਰੂਫ਼ ਰੀਡਰ’ ਲਾ ਰੱਖਿਆ ਸੀ।

**ਸੁਖਦੇਵ ਰਾਜ ਅਨੁਸਾਰ**, “ਉਨ੍ਹੀਂ ਦਿਨੀਂ ਆਜ਼ਾਦ ਬਹੁਤ ਫ਼ਿਕਰਮੰਦ ਸੀ। ਉਸ ਦਾ ਸਾਥੀਆਂ ਤੇ ਭਰੋਸਾ ਖਤਮ ਹੋ ਗਿਆ ਸੀ ਤੇ ਜਿਨ੍ਹਾਂ ਤੇ ਉਸ ਦਾ ਭਰੋਸਾ ਰਹਿ ਗਿਆ ਸੀ, ਉਹ ਇੱਕ-ਇੱਕ ਕਰਕੇ ਫੜੇ ਜਾ ਰਹੇ ਸਨ। ਉਹ ਸਮਝ ਨਹੀਂ ਸੀ ਪਾ ਰਿਹਾ ਕਿ ਵੀਰਭਦਰ ਤੇ ਯਸ਼ਪਾਲ ਕੀ ਖੇਡ, ਖੇਡ ਰਹੇ ਹਨ। 27 ਫਰਵਰੀ ਦੀ ਸਵੇਰ ਵੇਲੇ ਤੱਕ ਆਜ਼ਾਦ ਦੀ ਕੁੱਝ ਇਸ ਤਰ੍ਹਾਂ ਦੀ ਹੀ ਮਾਨਸਕ ਦਸ਼ਾ ਸੀ।

“ਉਸ ਦਿਨ ਮੈਂ ਜਦੋਂ ਪਾਰਕ ਵਿੱਚ ਆਜ਼ਾਦ ਨਾਲ ਬੈਠਾ ਸਾਂ ਤਾਂ ਉਸਨੇ ਮੈਨੂੰ ਪੁਛਿਆ, ‘ਕੀ ਤੂੰ ਕਦੇ ਬਰਮਾ ਗਿਆ ਹੈ?’ ਮੇਰੇ ਹਾਂ ਵਿੱਚ ਸਿਰ ਹਿਲਾਉਣ ਤੇ ਉਸ ਨੇ ਸਵਾਲ ਕੀਤਾ ਕਿ ਕੀ ਸਾਡੇ ਕੁੱਝ ਸਾਥੀ ਬਰਮਾ ਦੇ ਰਸਤੇ ਬਾਹਰ ਜਾ ਸਕਦੇ ਨੇ?

“ਮੈਂ ਉਸ ਨੂੰ ਦੱਸਿਆ ਕਿ ਮੈਂ ਜਦੋਂ ਬਰਮਾ ਗਿਆ ਸਾਂ, ਤਾਂ ਮੈਂ ਰਸਤੇ ਚੰਗੀ ਤਰ੍ਹਾਂ ਵੇਖੇ ਡਿਠੇ ਸਨ, ਜਿਨ੍ਹਾਂ ਤੇ ਚਲਣਾ ਖਤਰਿਆਂ ਤੋਂ ਖਾਲੀ ਨਹੀਂ ਸੀ।

“ਜਦ ਅਸੀਂ ਇੰਜ ਗਲਬਾਤ ਕਰ ਹੀ ਰਹੇ ਸਾਂ ਤਾਂ, ਮੈਂ ਇੱਕ ਵਿਅਕਤੀ ਨੂੰ ਸਾਹਮਣੇ ਵਾਲੀ ਸੜਕੋਂ ਲੰਘ ਦੇ ਵੇਖਿਆ, ਜਿਸ ਨੂੰ ਵੇਖ ਕੇ ਆਜ਼ਾਦ ਨੇ ਕਿਹਾ, “ਇਹ ਵੀਰ ਭਦਰ ਲਗਦਾ ਹੈ। ਮੈਂ ਉਸ ਦੇ ਵੱਲ ਗਹੁ ਨਾਲ ਵੇਖਿਆ ਪਰ ਕਿਉਂਕਿ ਮੈਂ ਉਸ ਨੂੰ ਕਦੇ ਵੇਖਿਆ ਨਹੀਂ ਸੀ, ਇਸ ਲਈ ਮੈਂ ਇਸ ਬਾਰੇ ਕੁੱਝ ਨਹੀਂ ਸੀ ਕਿਹਾ।

“ਫਿਰ ਅਸੀਂ ਉਠ ਖੜੇ ਹੋਏ ਤੇ ਪਾਰਕ ਵਿੱਚ ਟਹਿਲਦੇ ਹੋਏ ਅਸੀਂ ਗਲਾਂ ਕਰੀ ਜਾ ਰਹੇ ਸਾਂ ਕਿ ਐਨੇ ਨੂੰ ਅਸਾਂ ਇਕ ਬੰਦੇ ਨੂੰ ਛੋਟੀ ਪੁਲੀ ਤੇ ਬੈਠ ਕੇ ਦਾਤੁਨ ਕਰਦੇ ਨੂੰ ਵੇਖਿਆ ਜੋ ਆਜ਼ਾਦ ਵੱਲ ਬੜੀ ਗਹੁ ਨਾਲ ਘੂਰ ਰਿਹਾ ਸੀ। ਮੈਂ ਵੀ ਉਸ ਨੂੰ ਘੂਰ ਕੇ ਵੇਖਿਆ। ਆਜ਼ਾਦ ਨੇ ਕਿਹਾ ਇਹ ਆਦਮੀ ਸ਼ੱਕੀ ਲਗਦਾ ਹੈ। ਮੈਂ ਉਹਦੇ ਵੱਲ ਨੂੰ ਗਿਆ ਪਰ ਉਦੋਂ ਤੱਕ ਉਹ ਕਿਸੇ ਹੋਰ ਪਾਸੇ ਵੱਲ ਵੇਖ ਰਿਹਾ ਸੀ।

“ਸਾਡੀ ਗੱਲਬਾਤ ਚਲ ਹੀ ਰਹੀ ਸੀ ਕਿ ਨਾਲ ਵਾਲੀ ਸੜਕ ਤੇ ਇੱਕ ਕਾਰ ਸਾਡੇ ਬਿਲਕੁਲ ਸਾਹਮਣੇ ਆ ਕੇ ਰੁਕ ਗਈ। ਇੱਕ ਅੰਗਰੇਜ਼ ਪੁਲਿਸ ਅਫ਼ਸਰ ਤੇ ਦੋ ਚਿਟ-ਕਪੜੀਏ ਕਾਂਸਟੇਬਲ ਕਾਰ ’ਚੋਂ ਉਤਰੇ। ਅਸੀਂ ਉਸੇ ਪਲ ਚੌਕਸ ਹੋ ਗਏ। ਗੋਰਾ ਅਫ਼ਸਰ ਪਿਸਤੌਲ ਹੱਥ ਵਿੱਚ ਲਈ ਸਾਡੇ ਵੱਲ ਨੂੰ ਆਇਆ ਤੇ ਸਾਡੇ ਵੱਲ ਪਿਸਤੌਲ ਕਰਕੇ ਪੁਛਦਾ ਹੈ, ‘ਤੁਸੀਂ ਕੌਣ ਹੋ ਤੇ ਐਸ ਵਲੇ ਇੱਥੇ ਕੀ ਕਰ ਰਹੇ ਹੋ?’

“ਆਜ਼ਾਦ ਦਾ ਹੱਥ ਆਪਣੇ ਪਿਸਤੌਲ ’ਤੇ ਸੀ ਤੇ ਮੇਰਾ ਆਪਣੇ ’ਤੇ। ਅਸਾਂ ਦੋਹਾਂ ਨੇ ਉਸਦੇ ਸੁਆਲ ਦੇ ਜੁਆਬ ’ਚ ਫਾਇਰ ਮਾਰਿਆ। ਪਰ ਆਜ਼ਾਦ ਦੀ ਚਲਾਈ ਗੋਲੀ ਉਸ ਨੂੰ ਲਗਣੋ ਪਹਿਲਾਂ ਉਸਦੀ ਗੋਲੀ ਆਜਾਦ ਦੇ ਪੱਟ ਤੇ ਆ ਲਗੀ। ਫਿਰ ਦੁਪਾਸੀ ਗੋਲੀਪ ਚਲਦੀ ਰਹੀ। ਐਨੈ ਨੂੰ ਇੱਕ ਹੋਰ ਗੋਲੀ ਆਜ਼ਾਦ ਦੇ ਸੱਜੇ ਮੋਢੇ ਤੇ ਲੱਗੀ ਜਿਸ ਨਾਲ ਆਜ਼ਾਦ ਦੀ ਸੱਜੀ ਬਾਂਹ ਨਾਕਾਰਾ ਹੋ ਗਈ ਤੇ ਉਸ ਦਾ ਫੇਫੜਾ ਵੀ ਜਖਮੀ ਹੋ ਗਿਆ, ਤਾਂ ਉਹ ਖਬੇ ਹੱਥ ਨਾਲ ਫ਼ਾਇਰ ਕਰਨ ਲੱਗਾ। ਆਜ਼ਾਦ ਦੀ ਗੋਲੀ ਗੋਰੇ ਪੁਲਸੀਏ ਦੀ ਬਾਂਹ ਤੇ ਲੱਗੀ, ਜਿਸਨੇ ਉਥੋਂ ਖਿਸਕਣਾ ਚਾਹਿਆ, ਪਰ ਆਜ਼ਾਦ ਨੇ ਫ਼ਾਇਰ ਕਰਕੇ ਉਹਦੀ ਗੱਡੀ ਦਾ ਟਾਇਰ ਪੰਚਰ ਕਰ ਦਿੱਤਾ ਤੇ ਉਹਨੇ ਆਪਣੇ ਬਚਾਅ ਲਈ ਇੱਕ ਦਰਖ਼ਤ ਪਿੱਛੇ ਓਟ ਲੈ ਲਈ। ਨਾਲ ਵਾਲੇ ਪੁਲਸੀਏ, ਜਾਨ ਬਚਾਉਣ ਲਈ ਹੇਠਾਂ ਨਾਲੇ ’ਚ ਛਾਲਾਂ ਮਾਰ ਗਏ। ਅਸੀਂ ਵੀ ਇੱਕ ਦਰਖ਼ਤ ਪਿਛੇ ਹੋ ਗਏ। ਥੋੜ੍ਹੀ ਦੇਰ ਲਈ ਗੋਲੀਬਾਰੀ ਬੰਦ ਹੋ ਗਈ। ਮੈਨੂੰ ਆਜ਼ਾਦ ਨੇ ਕਿਹਾ, ‘ਮੈਂ ਤਾਂ ਜ਼ਖਮੀ ਹੋ ਹੀ ਚੁਕਾਂ ਹਾਂ, ਤੂੰ ਨਿਕਲ ਜਾ।’ ਮੈਂ ਉਥੋਂ ਨਿਕਲ ਕੇ ਸੜਕੇ ਪੈ ਗਿਆ। ਅੱਗੇ ਇੱਕ ਸਾਈਕਲ ਵਾਲੇ ਨੂੰ ਪਿਸਤੌਲ ਵਿਖਾਕੇ ਉਹਦਾ ਸਾਈਕਲ ਖੋਹ ਮੈਂ ਚਾਂਦ ਦਫ਼ਤਰ ਜਾ ਪਹੁੰਚਿਆ।”

**ਸਰਕਾਰੀ ਰਿਪੋਰਟ ਅਨੁਸਾਰ**, “ਇਸ ਤੋਂ ਮਗਰੋਂ ਇੱਕ ਹੋਰ ਪੁਲਿਸ ਅਫ਼ਸਰ, ਵੱਡੀ ਗਿਣਤੀ ’ਚ ਪੁਲਿਸ ਨਾਲ ਲੈ ਕੇ ਉਥੇ ਪਹੁੰਚਿਆ, ਜਿਸ ਨੇ ਆਜ਼ਾਦ ਦੇ ਪਿਛਲੇ ਪਾਸਿਉ ਦੀ, ਉਸ ’ਤੇ ਵਾਰ ਕਰਨ ਦੀ ਕੋਸ਼ਿਸ਼ ਕੀਤੀ। ਦੁਵਲੀ ਫਾਇਰਿੰਗ ਵਿੱਚ ਉਹ ਅਫਸਰ ਵੀ ਜਖਮੀ ਹੋਇਆ ਤੇ ਅਚਾਨਕ ਆਜ਼ਾਦ ਵਲੋਂ ਫਾਇਰ ਬੰਦ ਹੋ ਗਿਆ। ਪੁਲਿਸ ਨੇ ਵੇਖਿਆ ਕਿ ਆਜ਼ਾਦ ਪਿਛਾਂਹ ਵੱਲ ਡਿਗ ਪਿਆ ਹੈ, ਪਰ ਫਿਰ ਵੀ ਪੁਲਿਸ ਵਾਲਿਆਂ ਦੀ ਉਸ ਵੱਲ ਨੂੰ ਜਾਣ ਦੀ ਹਿੰਮਤ ਨਹੀਂ ਸੀ ਪੈ ਰਹੀ ਕਿ ਕਿਤੇ ਉਹ ਜੀਉਂਦਾ ਹੀ ਨਾ ਹੋਵੇ। ਉਹਨਾਂ

ਨੇ ਆਪਣੀ ਸ਼ੰਕਾ ਦੂਰ ਕਰਨ ਲਈ ਇੱਕ ਬੰਦੂਕ ਨਾਲ ਉਸਦੇ ਪੈਰਾਂ ਤੇ ਫਾਇਰ ਕੀਤੇ, ਜਿਸ ਤੇ ਆਜ਼ਾਦ ਦੇ ਉਸੇ ਤਰ੍ਹਾਂ ਪਏ ਰਹਿਣ ਤੇ ਉਹਨਾਂ ਨੂੰ ਯਕੀਨ ਹੋ ਗਿਆ ਕਿ ਸੱਚਮੁੱਚ ਹੀ ਉਸ ਦੀ ਮੌਤ ਹੋ ਚੁੱਕੀ ਹੈ।"

**ਕੀ ਆਜ਼ਾਦ ਨੇ ਇੱਕੋ ਕਾਰਤੂਸ ਉਸ ਦੇ ਕੋਲ ਰਹਿ ਜਾਣ ਤੇ ਆਪਣੀ ਆਖ਼ਰੀ ਗੋਲੀ ਆਪਣੀ ਸੱਜੀ ਪੁੜਪੁੜੀ ਤੇ ਮਾਰ ਲਈ ਸੀ?**

ਇਹ ਧਾਰਨਾ ਸ਼ਾਇਦ ਇਸ ਕਰਕੇ ਪ੍ਰਚਲਤ ਹੋ ਗਈ ਹੋਵੇਗੀ, ਕਿਉਂਕਿ ਆਜ਼ਾਦ ਦਾ ਕੌਲ ਸੀ — ਮੈਂ ਜੀਂਦੇ-ਜੀਅ ਪੁਲਿਸ ਦੇ ਹੱਥ ਨਹੀਂ ਆਉਣਾ — ਜੋ ਵਾਕਈ ਦਰੁਸਤ ਹੈ।

ਪਰ ਹੇਠ ਲਿਖੇ ਤੱਥਾਂ ਦੇ ਮੱਦੇਨਜਰ ਉਕਤ ਧਾਰਨਾ ਦਾ ਭੋਗ ਪੈ ਜਾਣਾ ਚਾਹੀਦਾ ਹੈ:

ੳ) ਸ਼ਹੀਦੀ ਪਿਛੋਂ ਕੀਤੇ ਗਏ ਪੋਸਟ ਮਾਰਟਮ ਦੀ ਰਿਪੋਰਟ ਅਨੁਸਾਰ ਆਜ਼ਾਦ ਦੇ ਸਰੀਰ ਦੇ ਦੋਵੇ ਘਾਤਕ ਜ਼ਖਮ, ਭਾਵ ਫਿਫੜਿਆ ਵਾਲਾ ਤੇ ਪੁੜਪੁੜੀ ਵਾਲਾ ਦੋਵੇ ਹੀ ਜ਼ਖਮ ਦੂਰੋ ਫਾਇਰ ਕੀਤੇ ਜਾਣ ਕਰਕੇ ਹੋਏ ਹਨ। ਉਹਨਾਂ ਵੇਰਵੇ ਸਾਹਿਤ ਦੱਸਿਆ ਹੈ ਕਿ ਜੇ ਪਿਸਤੌਲ/ਬੰਦੂਕ ਦੀ ਨਾਲੀ, ਫਾਇਰ ਮੌਕੇ ਸਰੀਰ ਨੂੰ ਛੂਹਦੀ ਹੋਵੇ ਤਾਂ ਚਮੜੀ ਦੇ ਵਾਲ ਸੜ ਜਾਂਦੇ ਹਨ ਅਤੇ ਚਮੜੀ ਦਾ ਰੰਗ ਕਾਲਾ-ਸਿਆਹ ਹੋ ਜਾਂਦਾ ਹੈ; ਜਿੱਥੇ ਕਿ ਆਜ਼ਾਦ ਦੀ ਪੁੜਪੁੜੀ ਦੀ ਚਮੜੀ ਬਿਲਕੁਲ ਸਾਧਾਰਨ ਹਾਲਤ ਵਿੱਚ ਹੀ ਪਾਈ ਗਈ ਸੀ।

ਅ) ਜਿਵੇਂ ਸੁਖਦੇਵ ਰਾਜ ਨੇ ਦੱਸਿਆ ਹੈ ਕਿ ਸੱਜੇ ਮੋਢੇ ਤੇ ਗੋਲੀ ਲਗ ਜਾਣ ਮਗਰੋ ਆਜ਼ਾਦ ਦੀ ਸੱਜੀ ਬਾਂਹ ਨਾਕਾਰਾ ਹੋ ਗਈ ਸੀ, ਤੇ ਉਹ ਫਿਰ ਖੱਬੇ ਹੱਥ ਨਾਲ ਫਾਇਰ ਕਰਦਾ ਰਿਹਾ ਸੀ, ਸੋ ਸੱਜੀ ਪੁੜਪੁੜੀ ਤੇ ਫਾਇਰ ਤਾਂ ਸੱਜੀ ਬਾਂਹ ਨਾਲ ਹੀ ਸੰਭਵ ਹੋ ਸਕਣਾ ਸੀ, ਕਿਸੇ ਹਾਲਤ ਵਿੱਚ ਵੀ ਖੱਬੀ ਬਾਂਹ ਨਾਲ ਨਹੀਂ, ਜਦਕਿ ਆਜ਼ਾਦ ਦੀ ਸੱਜੀ ਬਾਂਹ ਨਾਕਾਰਾ ਹੋ ਚੁਕੀ ਸੀ।

ੲ) ਸ਼ਹੀਦੀ ਪਿਛੋਂ ਮੌਕੇ ਤੇ ਆਜ਼ਾਦ ਕੋਲੋ ਕਾਫੀ ਸਾਰੇ ਕਾਰਤੂਸਾਂ ਦੇ ਖ਼ੋਲਾਂ ਤੋਂ ਇਲਾਵਾ 16 ਅਣਚੱਲੇ ਕਾਰਤੂਸ ਪਾਏ ਗਏ ਸਨ, ਜੋ ਮੌਕੇ ਤੇ ਲਿਖੀ ਗਈ ਸਰਕਾਰੀ ਰਿਪੋਰਟ ਵਿੱਚ ਲਿਖਿਆ ਹੋਇਆ ਹੈ।

ਇਸ ਲਈ ਹੁਣ ਪੂਰੇ ਯਕੀਨ ਨਾਲ ਅਸੀਂ ਕਹਿ ਸਕਦੇ ਹਾਂ ਕਿ ਇਹ ਸੂਰਮਾ ਆਪਣੇ ਆਖਰੀ ਸੁਆਸ ਤੱਕ ਪੁਲਿਸ ਦੀ ਗੋਲੀ ਦਾ ਜਵਾਬ ਗੋਲੀ ਨਾਲ ਦੇਂਦਾ ਹੀ ਸ਼ਹੀਦ ਹੋਇਆ ਸੀ।



ਸ਼ਹੀਦੀ ਮਗਰੋਂ ਸ਼ਨਾਖਤ ਲਈ ਲਿਆ ਗਿਆ ਆਜ਼ਾਦ ਦਾ ਫ਼ੋਟੋ

**ਦੁਸ਼ਮਣ ਕੀ ਗੋਲੀਓਂ ਦਾ ਹਮ ਸਾਹਮਣਾ ਕਰੇਂਗੇ,**
**ਆਜ਼ਾਦ ਹੀ ਰਹੇ ਹੈਂ, ਆਜ਼ਾਦ ਹੀ ਰਹੇਂਗੇ।**

---